# PRESS COVERAGE

# Physics based Interactive Demonstration organised

# 11.05.2022

2 | ਪੰਜਾਬੀ ਜਾਗਰਣ ਜਲੰਧਰ 13 ਮਈ 2022

ਸਮਾਗਮ | ਡਾ. ਜਸਵਿੰਦਰ ਸਿੰਘ ਦਾ ਕੀਤਾ ਸਨਮਾਨ

# ਸਿਖਲਾਈ ਪ੍ਰੋਗਰਾਮ ਕਰਵਾਇਆ




ਮੁੱਖ ਬੁਲਾਰੇ ਡਾ. ਜਸਵਿੰਦਰ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ ਸਟਾਫ।

**ਪੱਤਰ ਪ੍ਰੇਰਕ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਫਿਜ਼ਿਕਸ ਵਿਭਾਗ ਵਲੋਂ ਫਿਜ਼ਿਕਸ ਸੋਸਾਇਟੀ' ਵੀ ਮੈਟਰ 'ਦੇ ਸਹਿਯੋਗ ਨਾਲ ਫਿਜ਼ਿਕਸ ਆਧਾਰਤ ਅੰਤਰ ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ 'ਚ ਡਾ. ਜਸਵਿੰਦਰ ਸਿੰਘ ਸ਼ਿਕਸ਼ਾ ਰਤਨ ਅਤੇ ਸਟੇਟ ਐਵਾਰਡੀ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਬੀ.ਐੱਸ.ਸੀ ਪੱਧਰ ਦੇ ਵਿਦਿਆਰਥੀਆਂ ਦੇ ਨਾਲ ਇਸ ਸਮਾਗਮ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫ਼ੀਲਖ਼ਾਨਾ ਦੇ 70 ਵਿਦਿਆਰਥੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਈਨਜ਼ ਅਤੇ ਸੇਂਟ ਪੀਟਰਜ਼ ਅਕੈਡਮੀ ਆਦਿ ਸਕੂਲਾਂ ਤੋਂ ਵੀ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਭਾਗ ਲਿਆ । ਫਿਜ਼ਿਕਸ ਵਿਭਾਗ ਦੇ ਮੁਖੀ ਡਾ. ਕਵਿਤਾ ਨੇ ਮੁੱਖ ਬੁਲਾਰੇ ਦਾ ਸਵਾਗਤ ਕੀਤਾ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਅੱਜ ਦਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ ਅਤੇ ਕਿਸੇ ਵੀ ਦੇਸ਼ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿਗਿਆਨਕ ਅਤੇ ਤਕਨਾਲੋਜੀ ਆਧਾਰਤ ਸਿੱਖਿਆ ਉੱਪਰ ਨਿਰਭਰ ਕਰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਅੰਦਰ ਮੌਜੂਦ ਉਤਸੁਕ ਬੱਚੇ ਨੂੰ ਜੀਵਨ ਭਰ ਜ਼ਿੰਦਾ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਾਲਜ ਦੀ ਫਿਜ਼ਕਿਸ ਸੁਸਾਇਟੀ ਦੀ ਅਜਿਹੇ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨ ਲਈ ਸ਼ਲਾਘਾ ਕੀਤੀ ਜੋ ਸਿਖਲਾਈ ਵਿਦਿਆਰਥੀਆਂ ਅੰਦਰ ਵਿਹਾਰਕ ਚੇਤਨਾ ਪੈਦਾ ਕਰਦੀ ਹੈ। ਮੁੱਖ ਬੁਲਾਰੇ ਡਾ. ਜਸਵਿੰਦਰ ਸਿੰਘ ਨੇ ਵੱਖ ਵੱਖ ਪੇਸ਼ਕਾਰੀਆਂ ਰਾਹੀਂ ਕੁਦਰਤ ਅਤੇ ਕੁਦਰਤੀ ਵਰਤਾਰਿਆਂ ਅੰਦਰ ਕਾਰਜਸ਼ੀਲ ਵਿਗਿਆਨਕ ਸਬੰਧਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕੇਵਲ ਗ੍ਰੇਡ ਅਤੇ ਨੰਬਰ ਹਾਸਲ ਕਰਨ ਦੀ ਬਜਾਏ ਬੁਨਿਆਦੀ ਅਤੇ ਵਿਹਾਰਕ ਗਿਆਨ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਗਿਆਨ ਦੀਆਂ ਵਿਹਾਰਕ ਬੁਨਿਆਦੀ ਧਾਰਨਾਵਾਂ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿੱਤਾ । ਉਨ੍ਹਾਂ ਵਿਦਿਆਰਥੀਆਂ ਨੂੰ ਵਿਗਿਆਨ ਦੀ ਖ਼ੂਬਸੂਰਤੀ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ। ਡਾ. ਅਸ਼ਵਨੀ ਸ਼ਰਮਾ ਕਾਲਜ ਰਜਿਸਟਰਾਰ ਅਤੇ ਡੀਨ ਲਾਈਫ਼ ਸਾਇੰਸਿਜ਼ ਨੇ ਮੁੱਖ ਬੁਲਾਰੇ ਨੂੰ ਕਾਲਜ ਵਲੋਂ ਸਨਮਾਨਿਤ ਕੀਤਾ। ਫਿਜ਼ਿਕਸ ਸੋਸਾਇਟੀ ਦੇ ਪ੍ਰਤੀਨਿਧਾਂ ਵਿਚੋਂ ਸਾਦਕ ਵਰਮਾ (ਬੀ. ਐੱਸ ਸੀ -2) ਨੇ ਮੰਚ ਸੰਚਾਲਨ ਦਾ ਕਾਰਜ ਨਿਭਾਇਆ। ਸ਼ੁਭਮ ਵਰਮਾ ਅਤੇ ਈਸ਼ਾ ਨੇ ਮੁੱਖ ਬੁਲਾਰੇ ਅਤੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਤੋਂ ਬਾਅਦ ਬਾਹਰੋਂ ਆਏ ਵਿਦਿਆਰਥੀਆਂ ਨੇ ਕਾਲਜ ਦੀਆਂ ਵੱਖ ਵੱਖ ਪ੍ਰਯੋਗਸ਼ਾਲਾਵਾਂ ਦਾ ਦੌਰਾ ਵੀ ਕੀਤਾ। ਇਸ ਸਮਾਗਮ 'ਚ ਸਾਇੰਸ ਫੈਕਲਟੀ ਦੇ ਵਿਦਿਆਰਥੀ ਤੇ ਅਧਿਆਪਕ ਵੱਡੀ ਗਿਣਤੀ 'ਚ ਹਾਜ਼ਰ ਸਨ ।

ਪਟਿਆਲਾ ਬਾਣੀ

Monday, 16 May, 2022

# ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਫਿਜ਼ਿਕਸ ਆਧਾਰਿਤ ਅੰਤਰ-ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ



*ਮੁਲਤਾਨੀ ਮਲ ਮੋਦੀ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼।* (ਜੋਸਨ)

ਪਟਿਆਲਾ, 15 ਮਈ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਦੇ ਫਿਜ਼ਿਕਸ ਵਿਭਾਗ ਵੱਲੋਂ ਫਿਜ਼ਿਕਸ ਸੋਸਾਇਟੀ ਵੀ ਮੈਟਰ ਦੇ ਸਹਿਯੋਗ ਨਾਲ ਫਿਜ਼ਿਕਸ ਆਧਾਰਿਤ ਅੰਤਰ ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ 'ਚ ਡਾ. ਜਸਵਿੰਦਰ ਸਿੰਘ ਸ਼ਿਕਸ਼ਾ ਰਤਨ ਅਤੇ ਸਟੇਟ ਐਵਾਰਡੀ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।

ਕਾਲਜ ਦੇ ਬੀ. ਐੱਸ. ਸੀ. ਪੱਧਰ ਦੇ ਵਿਦਿਆਰਥੀਆਂ ਨਾਲ ਸਮਾਗਮ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫ਼ੀਲਖ਼ਾਨਾ ਦੇ 70 ਵਿਦਿਆਰਥੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲੀਸ ਲਾਈਨਜ਼ ਅਤੇ ਸੇਂਟ ਪੀਟਰਜ਼ ਅਕਾਦਮੀ ਆਦਿ ਸਕੂਲਾਂ ਤੋਂ ਵੀ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ 'ਚ ਸਾਇੰਸ ਫੈਕਲਟੀ ਦੇ ਵਿਦਿਆਰਥੀ ਅਤੇ ਅਧਿਆਪਕ ਵੱਡੀ ਗਿਣਤੀ 'ਚ ਹਾਜ਼ਰ ਸਨ।

ਅਜੀਤ
13 ਮਈ 2022

# ਮੁਲਤਾਨੀ ਮੱਲ ਮੋਦੀ ਕਾਲਜ ਵਲੋਂ ਫਿਜ਼ਿਕਸ ਆਧਾਰਿਤ ਅੰਤਰ ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ ਕਰਵਾਇਆ

ਪਟਿਆਲਾ, 12 ਮਈ (ਗੁਰਵਿੰਦਰ ਸਿੰਘ ਔਲਖ)-ਮੁਲਤਾਨੀ ਮੱਲ ਮੋਦੀ ਕਾਲਜ ਦੇ ਫਿਜ਼ਿਕਸ ਵਿਭਾਗ ਵਲੋਂ ਫਿਜ਼ਿਕਸ ਸੋਸਾਇਟੀ' ਵੀ ਮੈਟਰ 'ਦੇ ਸਹਿਯੋਗ ਨਾਲ ਫਿਜ਼ਿਕਸ ਆਧਾਰਤ ਅੰਤਰ ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਡਾ. ਜਸਵਿੰਦਰ ਸਿੰਘ ਸ਼ਿਕਸ਼ਾ ਰਤਨ ਅਤੇ ਸਟੇਟ ਐਵਾਰਡੀ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਬੀ.ਐੱਸ.ਸੀ. ਪੱਧਰ ਦੇ ਵਿਦਿਆਰਥੀਆਂ ਦੇ ਨਾਲ ਇਸ ਸਮਾਗਮ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫ਼ੀਲਖ਼ਾਨਾ ਦੇ 70 ਵਿਦਿਆਰਥੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਈਨਜ਼ ਅਤੇ ਸੇਂਟ ਪੀਟਰਜ਼ ਅਕਾਦਮੀ ਆਦਿ ਸਕੂਲਾਂ ਤੋਂ ਵੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਭਾਗ ਲਿਆ। ਫਿਜ਼ਿਕਸ ਵਿਭਾਗ ਦੇ ਮੁਖੀ ਡਾ ਕਵਿਤਾ ਨੇ ਮੁੱਖ ਵਕਤਾ ਦਾ ਸਵਾਗਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਅੱਜ ਦਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ ਅਤੇ ਕਿਸੇ ਵੀ ਦੇਸ਼ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿਗਿਆਨਕ ਅਤੇ ਤਕਨਾਲੋਜੀ ਆਧਾਰਤ ਸਿੱਖਿਆ ਉੱਪਰ ਨਿਰਭਰ ਕਰਦੀ ਹੈ। ਮੁੱਖ ਵਕਤਾ ਡਾ. ਜਸਵਿੰਦਰ ਸਿੰਘ ਨੇ ਵੱਖ ਵੱਖ ਪੇਸ਼ਕਾਰੀਆਂ ਰਾਹੀਂ ਕੁਦਰਤ ਅਤੇ ਕੁਦਰਤੀ ਵਰਤਾਰਿਆਂ ਅੰਦਰ ਕਾਰਜਸ਼ੀਲ ਵਿਗਿਆਨਕ ਸੰਬੰਧਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕੇਵਲ ਗ੍ਰੇਡ ਅਤੇ ਨੰਬਰ ਹਾਸਲ ਕਰਨ ਦੀ ਬਜਾਏ ਬੁਨਿਆਦੀ ਅਤੇ ਵਿਹਾਰਕ ਗਿਆਨ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਗਿਆਨ ਦੀਆਂ ਵਿਹਾਰਕ ਬੁਨਿਆਦੀ ਧਾਰਨਾਵਾਂ ਨੂੰ ਗ੍ਰਹਿਣ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਵਿਗਿਆਨ ਦੀ ਖ਼ੂਬਸੂਰਤੀ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ। ਡਾ. ਅਸ਼ਵਨੀ ਸ਼ਰਮਾ ਕਾਲਜ ਰਜਿਸਟਰਾਰ ਅਤੇ ਡੀਨ ਲਾਈਫ਼ ਸਾਇੰਸਿਜ਼ ਨੇ ਮੁੱਖ ਵਕਤਾ ਨੂੰ ਕਾਲਜ ਵਲੋਂ ਸਨਮਾਨਿਤ ਕੀਤਾ। ਫਿਜ਼ਿਕਸ ਸੋਸਾਇਟੀ ਦੇ ਪ੍ਰਤੀਨਿਧਾਂ ਵਿਚੋਂ ਸਾਦਕ ਵਰਮਾ (ਬੀ.ਐੱਸ ਸੀ -2) ਨੇ ਮੰਚ ਸੰਚਾਲਨ ਦਾ ਕਾਰਜ ਨਿਭਾਇਆ। ਸ਼ੁਭਮ ਵਰਮਾ (ਬੀ. ਐੱਸ.ਸੀ-2) ਅਤੇ ਈਸ਼ਾ (ਬੀ.ਐੱਸ.ਸੀ-2) ਨੇ ਮੁੱਖ ਵਕਤਾ ਅਤੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।



ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼।

ਤਸਵੀਰ : ਵਰੁਣ ਸੈਣੀ

Daily Charhdikala, Patiala (Friday, 13 May 2022) (7)

# ਮੋਦੀ ਕਾਲਜ ਵੱਲੋਂ ਫਿਜ਼ੀਕਸ ਆਧਾਰਿਤ ਅੰਤਰ ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ



ਪਟਿਆਲਾ, 12 ਮਈ (ਰੁਪਾਣਾ) : ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਫਿਜ਼ੀਕਸ ਵਿਭਾਗ ਵੱਲੋਂ ਫਿਜ਼ੀਕਸ ਸੁਸਾਇਟੀ ਵੀ ਮੈਟਰ ਦੇ ਸਹਿਯੋਗ ਨਾਲ ਫਿਜ਼ੀਕਸ ਆਧਾਰਿਤ ਅੰਤਰ ਸੰਵਾਦੀ ਵਿਹਾਰਕ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਡਾ. ਜਸਵਿੰਦਰ ਸਿੰਘ ਸ਼ਿਕਸ਼ਾ ਰਤਨ ਅਤੇ ਸਟੇਟ ਅਵਾਰਡੀ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਬੀ.ਐੱਸ.ਸੀ. ਪੱਧਰ ਦੇ ਵਿਦਿਆਰਥੀਆਂ ਦੇ ਨਾਲ ਇਸ ਸਮਾਗਮ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੀਲਖਾਨਾ ਦੇ 70 ਵਿਦਿਆਰਥੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਈਨਜ਼ ਅਤੇ ਸੇਂਟ ਪੀਟਰਜ਼ ਅਕਾਦਮੀ ਆਦਿ ਸਕੂਲਾਂ ਤੋਂ ਵੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਭਾਗ ਲਿਆ। ਫਿਜ਼ੀਕਸ ਵਿਭਾਗ ਦੇ ਮੁਖੀ ਡਾ. ਕਵਿਤਾ ਨੇ ਮੁੱਖ ਵਕਤਾ ਦਾ ਸਵਾਗਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ 'ਤੇ ਬੋਲਦਿਆਂ ਕਿਹਾ ਕਿ ਅੱਜ ਦਾ ਯੁੱਗ ਵਿਗਿਆਨ ਅਤੇ ਤਕਨਾਲਜੀ ਦਾ ਯੁੱਗ ਹੈ ਅਤੇ ਕਿਸੇ ਵੀ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਵਿਗਿਆਨਕ ਤੇ ਤਕਨਾਲਜੀ ਆਧਾਰਿਤ ਸਿੱਖਿਆ ਉੱਪਰ ਨਿਰਭਰ ਕਰਦੀ ਹੈ। ਮੁੱਖ ਵਕਤਾ ਡਾ. ਜਸਵਿੰਦਰ ਸਿੰਘ ਨੇ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਕੁਦਰਤ ਅਤੇ ਕੁਦਰਤੀ ਵਰਤਾਰਿਆਂ ਅੰਦਰ ਕਾਰਜਸ਼ੀਲ ਵਿਗਿਆਨਕ ਸਬੰਧਾਂ ਨੂੰ ਉਜਾਗਰ ਕੀਤਾ। ਡਾ. ਅਸ਼ਵਨੀ ਸ਼ਰਮਾ ਕਾਲਜ ਰਜਿਸਟਰਾਰ ਅਤੇ ਡੀਨ ਲਾਈਫ ਸਾਇੰਸਿਜ਼ ਨੇ ਮੁੱਖ ਵਕਤਾ ਨੂੰ ਕਾਲਜ ਵੱਲੋਂ ਸਨਮਾਨਤ ਕੀਤਾ। ਫਿਜ਼ੀਕਸ ਸੁਸਾਇਟੀ ਦੇ ਪ੍ਰਤੀਨਿਧਾਂ ਵਿਚੋਂ ਸਾਦਕ ਵਰਮਾ (ਬੀ.ਐੱਸ.ਸੀ-2) ਨੇ ਮੰਚ ਸੰਚਾਲਨ ਦਾ ਕਾਰਜ ਨਿਭਾਇਆ। ਸ਼ੁਭਮ ਵਰਮਾ (ਬੀ.ਐੱਸ.ਸੀ-2) ਅਤੇ ਈਸ਼ਾ (ਬੀ.ਐੱਸ.ਸੀ-2) ਨੇ ਮੁੱਖ ਵਕਤਾ ਅਤੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਤੋਂ ਬਾਅਦ ਬਾਹਰੋਂ ਆਏ ਵਿਦਿਆਰਥੀਆਂ ਨੇ ਕਾਲਜ ਦੀਆਂ ਵੱਖ-ਵੱਖ ਪ੍ਰਯੋਗਸ਼ਾਲਾਵਾਂ ਦਾ ਦੌਰਾ ਵੀ ਕੀਤਾ। ਇਸ ਸਮਾਗਮ ਵਿੱਚ ਸਾਇੰਸ ਫੈਕਲਟੀ ਦੇ ਵਿਦਿਆਰਥੀ ਅਤੇ ਅਧਿਆਪਕ ਵੱਡੀ ਗਿਣਤੀ ਵਿਚ ਹਾਜ਼ਰ ਸਨ।